# ਪੰਜਾਬੀ—104

## XII (ਬਾਰ੍ਹਵੀਂ)

# MARKING SCHEME (ਉੱਤਰ ਕੁੰਜੀ)

## (ਮਾਰਚ-ਅਪ੍ਰੈਲ 2025-26)

### ਭਾਗ-1: ਪੜ੍ਹਨ ਕੌਸ਼ਲ (Part-I: Reading Skill) 8+8+7=23

1. ਵਾਰਤਕ ਪੈਰੇ ਦੇ **ਬਹੁ-ਵਿਕਲਪੀ ਪ੍ਰਸ਼ਨਾਂ** ਦੇ ਉੱਤਰ –

   (i) (**B**) ਖੇਡਾਂ ਖੇਡ ਕੇ

   (ii) (**D**) ਨਿਰੋਲ ਪੇਂਡੂਆਂ ਬੱਚਿਆਂ ਦੁਆਰਾ

   (iii) (**C**) ਗਰਮੀਆਂ ਵਿੱਚ

   (iv) (**D**) ਉਪਰੋਕਤ ਸਾਰੇ

   (v) (**A**) ਜੰਡ ਖੜੰਗ

   (vi) (**C**) 6 ਤੋਂ 10

   (vii) (**A**) ਗੀਤ ਗਾਉਣਾ

   (viii) (**B**) ਜਵਾਨ

### ਭਾਗ-2: ਪ੍ਰਭਾਵਸ਼ਾਲੀ ਲਿਖਣ-ਕੌਸ਼ਲ (Part-II: Writing Skill) 8

2. ਤੁਸੀਂ ਪੜ੍ਹੇ-ਲਿਖੇ ਨੌਜਵਾਨ ਹੋ। ਭਾਰਤੀ ਜੀਵਨ ਬੀਮਾ ਨਿਗਮ ਨੂੰ ਆਪਣੇ ਯੋਗਤਾ ਦੱਸਦੇ ਹੋਏ ਬੀਮਾ-ਏਜੰਟ ਬਣਨ ਲਈ ਪੱਤਰ ਲਿਖੋ।

| | |
|---|---|
| ਅਰੰਭਲਾ ਭਾਗ | 3 ਅੰਕ |
| ਵਿਚਕਾਰਲਾ ਭਾਗ | 4 ਅੰਕ |
| ਅੰਤਲਾ ਭਾਗ | 1 ਅੰਕ |

(ਵਿਦਿਆਰਥੀ ਆਪਣੀ ਜਾਣਕਾਰੀ, ਸੋਚ ਤੇ ਬੁੱਧੀ ਮੁਤਾਬਕ ਲਿਖਣਗੇ।

**ਜਾਂ**

ਲੱਕੀ ਜਰਨਲ ਸਟੋਰ, ਜਲੰਧਰ ਵੱਲੋਂ ਮੈਸਜ਼ ਪ੍ਰੀਮੀਅਰ ਵੂਲ ਕੰਪਨੀ, ਦਿੱਲੀ ਨੂੰ ਇੱਕ ਪੱਤਰ ਲਿਖੋ ਜਿਸ ਵਿੱਚ ਦੱਸੋ ਕਿ ਆਰਡਰ ਕੀਤਾ ਮਾਲ ਜਲੰਧਰ ਸਮੇਂ ਸਿਰ ਨਹੀਂ ਪਹੁੰਚਿਆ ਹੈ।

| | |
|---|---|
| ਅਰੰਭਲਾ ਭਾਗ | 3 ਅੰਕ |
| ਵਿਚਕਾਰਲਾ ਭਾਗ | 4 ਅੰਕ |
| ਅੰਤਲਾ ਭਾਗ | 1 ਅੰਕ |

(ਵਿਦਿਆਰਥੀ ਆਪਣੀ ਜਾਣਕਾਰੀ, ਸੋਚ ਤੇ ਬੁੱਧੀ ਮੁਤਾਬਕ ਲਿਖਣਗੇ।

3. **ਕਿਸੇ ਇੱਕ** ਵਿਸ਼ੇ ’ਤੇ 125 ਤੋਂ 150 ਸ਼ਬਦਾਂ ਵਿੱਚ ਪੈਰਾ-ਰਚਨਾ ਕਰੋ। 7

ਇਸਤਰੀਆਂ ਵਿੱਚ ਅਸੁਰੱਖਿਆ ਦੀ ਭਾਵਨਾ

| | |
|---|---|
| **ਵਿਸ਼ੇ ਦੀ ਪੇਸ਼ਕਾਰੀ** | **2 ਅੰਕ** |
| **ਵਿਸ਼ੇ ਦਾ ਗਿਆਨ** | **3 ਅੰਕ** |
| **ਸ਼ਬਦ ਚੋਣ** | **1 ਅੰਕ** |
| **ਸ਼ਬਦ-ਜੋੜ** | **1 ਅੰਕ** |

**(ਵਿਦਿਆਰਥੀ ਆਪਣੀ ਜਾਣਕਾਰੀ, ਸੋਚ ਤੇ ਬੁੱਧੀ ਮੁਤਾਬਕ ਲਿਖਣਗੇ।**

**ਜਾਂ**

ਵਿਦਿਆਰਥੀ ਅਤੇ ਮੋਬਾਈਲ ਫ਼ੋਨ

| | |
|---|---|
| **ਵਿਸ਼ੇ ਦੀ ਪੇਸ਼ਕਾਰੀ** | **2 ਅੰਕ** |
| **ਵਿਸ਼ੇ ਦਾ ਗਿਆਨ** | **3 ਅੰਕ** |
| **ਸ਼ਬਦ ਚੋਣ** | **1 ਅੰਕ** |
| **ਸ਼ਬਦ-ਜੋੜ** | **1 ਅੰਕ** |

**(ਵਿਦਿਆਰਥੀ ਆਪਣੀ ਜਾਣਕਾਰੀ, ਸੋਚ ਤੇ ਬੁੱਧੀ ਮੁਤਾਬਕ ਲਿਖਣਗੇ।**

## ਭਾਗ-3: ਵਿਹਾਰਕ ਵਿਆਕਰਨ (Part-III: Grammar) 13

4. **ਵਾਕ-ਵਟਾਂਦਰਾ** (3X1)**3**

(i) ਮੈਂ ਚਾਹੁੰਦਾ ਹਾਂ ਕਿ ਨਵਾਂ ਸਕੂਟਰ ਖਰੀਦਾਂ।

(ii) ਮਾਂ ਤੋਂ ਬਿਨਾਂ ਬੱਚੇ ਨੂੰ ਕੋਈ ਨਹੀਂ ਪਾਲ ਸਕਦਾ।

(iii) ਮੈਂ ਸਕੂਲ ਪਹੁੰਚਿਆ ਅਤੇ ਘੰਟੀ ਵੱਜ ਗਈ।

(iv) ਬਲਜੀਤ ਨੇ ਚਾਹ ਪੀਤੀ।

5. **ਅਖਾਣ/ਅਖਾਉਤਾਂ** (5X2)**10**

(i) (**ਇੱਕ ਥਾਂ ਤੋਂ ਰੋਜ਼ੀ ਦਾ ਆਸਰਾ ਖ਼ਤਮ ਹੋਣ ਉੱਤੇ ਵੀ ਜਦ ਕੋਈ ਦੂਜੇ ਪਾਸਿਓਂ ਆਸਵਾਨ ਹੋਵੇ**) ਮਾਲਕ ਨੇ ਜਦ ਆਪਣੇ ਨੌਕਰ ਨੂੰ ਗੁੱਸੇ ਹੁੰਦੇ ਕਿਹਾ ਕਿ ਉਹ ਉਸਨੂੰ ਕੰਮ ਤੋਂ ਕੱਢ ਦੇਵੇਗਾ ਤੇ ਉਸਨੂੰ ਕਿਤੇ ਹੋਰ ਵੀ ਕੰਮ ਨਹੀਂ ਮਿਲੇਗਾ ਤਾਂ ਨੌਕਰ ਨੇ ਕਹਿ ਹੀ ਦਿੱਤਾ, ‘ਇੱਕ ਦਰ ਬੰਦ ਸੌ ਦਰ ਖੁੱਲਾ।’

(ii) (**ਅਸਲ ਵਿੱਦਿਆ ਉਹ ਹੈ ਜੋ ਨੇਕੀ ਅਤੇ ਦੂਜੇ ਦਾ ਭਲਾ ਕਰਨਾ ਸਿਖਾਏ**) ਅਧਿਆਪਕ ਨੇ ਵਿਦਿਆਰਥੀਆਂ ਨੂੰ ਦੂਜੇ ਦਾ ਭਲਾ ਕਰਨ ਦੀ ਸਿੱਖਿਆ ਦਿੰਦਿਆਂ ਹੋਇਆਂ ਕਿਹਾ ਕਿ ਵਿੱਦਿਆ ਸਾਨੂੰ ਨੇਕੀ ਅਤੇ ਦੂਜੇ ਦਾ ਭਲਾ ਕਰਨਾ ਸਿਖਾਉਂਦੀ ਹੈ। ਠੀਕ ਹੀ ਤਾਂ ਕਿਹਾ ਗਿਆ ਹੈ, ‘ਵਿੱਦਿਆ ਵਿਚਾਰੀ ਤਾਂ ਪਰਉਪਕਾਰੀ।’

(iii) (**ਜਦੋਂ ਕੋਈ ਆਪਣੇ ਖਾਣ ਪੀਣ ਨਾਲ ਹੀ ਮਤਲਬ ਰੱਖੇ ਜਾਂ ਜਦ ਕੋਈ ਆਪਣੀ ਗਰਜ਼ ਦਾ ਹੀ ਖਿਆਲ ਰੱਖੇ**) ਸੁਰਿੰਦਰ ਤੋਂ ਆਪਣਾ ਕੰਮ ਕਰਵਾ ਕੇ ਜੋਗਿੰਦਰ ਨੇ ਉਸ ਤੋਂ ਇਸ ਤਰ੍ਹਾਂ ਕਿਨਾਰਾ ਕਰ ਲਿਆ ਜਿਵੇਂ ਉਹ

ਉਸਨੂੰ ਜਾਣਦਾ ਹੀ ਨਾ ਹੋਵੇ। ਉਸ ਦਾ ਤਾਂ 'ਢਿੱਡ ਭਰਿਆ ਕੰਮ ਸਰਿਆ' ਵਾਲ਼ਾ ਹਾਲ ਹੋਇਆ।

(iv) (**ਜਦ ਕੋਈ ਥੋੜ੍ਹਾ ਜਿਹਾ ਕੰਮ ਕਰਕੇ ਹੀ ਥੱਕ ਜਾਵੇ ਤੇ ਬਹਾਨੇ ਲੱਭੇ**) ਅਜੇ ਤਾਂ ਉਸਨੇ ਕੰਮ ਸ਼ੁਰੂ ਹੀ ਕੀਤਾ ਸੀ ਪਰ ਉਹ ਆਰਾਮ ਦੇ ਬਹਾਨੇ ਲੱਭਣ ਲੱਗਾ ਸੀ। ਉਸ ਦਾ ਤਾਂ 'ਕੋਹ ਨਾ ਚਲੀ ਬਾਬਾ ਤਿਹਾਈ' ਵਾਲ਼ਾ ਹਿਸਾਬ ਸੀ।

(v) (**ਅੱਗੋਂ ਕਮਾਈ ਨਾ ਕਰੀਏ ਤਾਂ ਪਿਛਲੀ ਤਾਂ ਜਲਦੀ ਹੀ ਮੁੱਕ ਜਾਂਦੀ ਹੈ**) ਬੰਤਾ ਕਈ ਦਿਨਾਂ ਤੋਂ ਘਰ ਵਿਹਲਾ ਬੈਠਾ ਸੀ। ਉਹਦੀ ਮਾਂ ਉਸਨੂੰ ਕਹਿ ਰਹੀ ਸੀ ਕਿ ਉਹ ਜਾ ਕੇ ਕੋਈ ਕੰਮ ਕਰੇ। ਇਸ ਤਰ੍ਹਾਂ ਵਿਹਲੇ ਬੈਠਿਆਂ ਤਾਂ ਗੁਜ਼ਾਰਾ ਨਹੀਂ ਚਲਣਾ।' ਬਹਿ ਕੇ ਖਾਂਦਿਆਂ ਤਾਂ ਖੂਹ ਵੀ ਨਿਖੁੱਟ ਜਾਂਦੇ ਹਨ।'

(vi) (**ਜਦੋਂ ਕੋਈ ਆਪਣੇ ਹੀ ਚੁਣੇ ਹੋਏ ਰਾਹ ਉੱਤੇ ਔਖਾ ਹੋਵੇ**)-ਉਦੋਂ ਤਾਂ ਤੂੰ ਸਾਰਿਆਂ ਦੇ ਮਨ੍ਹਾ ਕਰਨ ਉੱਤੇ ਵੀ ਉਸ ਧੋਖੇਬਾਜ਼ ਨਾਲ ਭਾਈਵਾਲੀ ਕੀਤੀ ਸੀ। ਪਰ ਹੁਣ ਜਦ ਉਹ ਤੈਨੂੰ ਧੋਖਾ ਦੇ ਗਿਆ ਹੈ ਤਾਂ ਸਾਨੂੰ ਕੀ ਦੱਸਦਾ ਏਂ? ਤੇਰਾ ਤਾਂ 'ਆਪੇ ਫਾਥੜੀਏ ਤੈਨੂੰ ਕੌਣ ਛੁਡਾਏ' ਵਾਲ਼ਾ ਹਿਸਾਬ ਹੈ।

## ਸਾਹਿਤ 4 : (ਪਾਠ-ਪੁਸਤਕ ਆਧਾਰਿਤ ਪ੍ਰਸ਼ਨ) 44
## (Part-IV: Text Books based questions)

### ਕਵਿਤਾਵਾਂ ਵਿੱਚੋਂ 12

6. ਹੇਠ ਦਿੱਤੀਆਂ ਗਈਆਂ ਕਾਵਿ-ਟੁਕੜੀਆਂ ਵਿੱਚੋਂ **ਕਿਸੇ ਇੱਕ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ—3+5=8

**ਮੇਰੇ ਬੂਟੇ, ਗਭਰੂ ........ਉਸ ਦਾ ਪਰਛਾਵਾਂ।**

**ਪ੍ਰਸੰਗ**-ਇਹ ਕਾਵਿ ਸਤਰਾਂ 'ਲਾਜ਼ਮੀ ਪੰਜਾਬੀ-12' ਨਾਂ ਦੀ ਪਾਠ-ਪੁਸਤਕ ਵਿੱਚ ਦਰਜ ਹਰਿਭਜਨ ਸਿੰਘ ਦੀ ਕਵਿਤਾ 'ਮੇਰਾ ਬਚਪਨ' ਵਿੱਚੋਂ ਲਈਆਂ ਗਈਆਂ ਹਨ। ਇਸ ਕਵਿਤਾ ਵਿੱਚ ਕਵੀ ਨੇ ਦੱਸਿਆ ਹੈ ਕਿ ਬਚਪਨ ਦੀ ਉਮਰ ਵਿੱਚ ਪਿਤਾ-ਹੀਨ ਹੋਇਆ ਵਿਅਕਤੀ ਬਚਪਨ ਦੀਆਂ ਖ਼ੁਸ਼ੀਆਂ ਤੋਂ ਵਾਂਝਾ ਰਹਿ ਜਾਂਦਾ ਹੈ। ਉਸਦੀ ਵਿਧਵਾ ਮਾਂ ਨੂੰ ਮਿਹਨਤ-ਮੁਸ਼ੱਕਤ ਕਰਦਿਆਂ ਵੀ ਨਜ਼ਰਾਂ ਨੀਵੀਆਂ ਰੱਖਣੀਆਂ ਪੈਂਦੀਆਂ ਹਨ। ਇਹਨਾਂ ਸਤਰਾਂ ਵਿੱਚ ਵਿਧਵਾ ਮਾਂ ਪੁੱਤਰ ਦੇ ਆਸਰੇ ਦੇ ਭਾਵ ਪ੍ਰਗਟਾਉਂਦੀ ਹੈ।

**ਵਿਆਖਿਆ**-ਵਿਧਵਾ ਮਾਂ ਆਪਣੇ ਪੁੱਤਰ ਨੂੰ 'ਮੇਰੇ ਬੂਟੇ' ਦੇ ਰੂਪ ਵਿੱਚ ਸੰਬੋਧਨ ਕਰਦੀ ਆਖਦੀ ਹੈ ਕਿ ਉਹ ਜਲਦੀ ਗੱਭਰੂ ਹੋ ਜਾਵੇ ਤਾਂ ਜੋ ਉਹ (ਵਿਧਵਾ ਮਾਂ) ਆਪਣੇ ਪੁੱਤਰ ਰੂਪੀ ਬੂਟੇ ਦੀ ਛਾਵੇਂ ਸੌਂ ਜਾਵੇ। ਵਿਧਵਾ ਮਾਂ ਲਈ ਪਤੀ ਤੋਂ ਬਾਅਦ ਪੁੱਤਰ ਦਾ ਹੀ ਆਸਰਾ ਹੁੰਦਾ ਹੈ। ਉਹ ਕਹਿੰਦੀ ਹੈ ਕਿ ਕਦੇ-ਕਦੇ ਨਿਕਰਮਣ ਅਥਵਾ ਅਭਾਗੀਆਂ ਮਾਵਾਂ ਆਪਣੇ ਬੱਚਿਆਂ ਦੇ ਕੁੱਛੜ ਬੇਫ਼ਿਕਰ ਹੋ ਕੇ ਸੌਂਦੀਆਂ ਹਨ। ਕਵੀ ਮੈਂ ਪਾਤਰ ਦੇ ਰੂਪ ਵਿੱਚ ਕਹਿੰਦਾ ਹੈ ਕਿ ਉਹ ਆਪਣੀ ਮਾਂ ਦਾ ਉਹਲਾ ਅਥਵਾ ਸਹਾਰਾ ਹੈ। ਇਸੇ ਓਹਲੇ ਵਿੱਚ ਹੀ ਉਹਦੀ ਵਿਧਵਾ ਮਾਂ ਜੀਵਨ ਗੁਜ਼ਾਰਦੀ ਹੈ। ਉਹ (ਪੁੱਤਰ) ਆਪਣੇ ਆਪ ਨੂੰ ਮਾਂ ਦੀ ਛਾਂ ਅਥਵਾ ਉਸਦਾ ਪਰਛਾਵਾਂ ਆਖਦਾ ਹੈ।

**ਜਾਂ**

**ਵੇ ਦਰਦਮੰਦਾ ਦਿਆ ..............ਦਿੱਤਾ ਪਾਣੀ ਲਾ।**

**ਪ੍ਰਸੰਗ**-ਇਹ ਕਾਵਿ ਸਤਰਾਂ 'ਲਾਜ਼ਮੀ ਪੰਜਾਬੀ-12' ਨਾਂ ਦੀ ਪਾਠ-ਪੁਸਤਕ ਵਿੱਚ ਦਰਜ਼ ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਵਾਰਸ ਸ਼ਾਹ' ਵਿੱਚੋਂ ਲਈਆਂ ਗਈਆਂ ਹਨ। ਇਸ ਕਵਿਤਾ ਵਿੱਚ 1947 ਈਸਵੀ ਦੀ ਦੇਸ਼ ਵੰਡ ਦੇ ਦੁਖਾਂਤ

ਨੂੰ ਚਿਤਰਿਆ ਗਿਆ ਹੈ। ਇਹ ਵੰਡ ਜਾਨ-ਮਾਲ ਦੇ ਨੁਕਸਾਨ ਦੇ ਨਾਲ਼-ਨਾਲ਼ ਪਿਆਰ ਦੇ ਦੁਖਾਂਤ ਦਾ ਵੀ ਕਾਰਨ ਬਣੀ। ਇਨਾਂ ਸਤਰਾਂ ਵਿੱਚ ਦੇਸ- ਵੰਡ ਸਮੇਂ ਹੋਏ ਕਤਲੇਆਮ ਦਾ ਵਰਨਣ ਹੈ।

**ਵਿਆਖਿਆ**-ਅੰਮ੍ਰਿਤਾ ਪ੍ਰੀਤਮ ਆਖਦੀ ਹੈ ਕਿ ਪੰਜਾਬ ਦੀਆਂ ਰੋਂਦੀਆਂ ਹੋਈਆਂ ਲੱਖਾਂ ਧੀਆਂ ਵਾਰਸ ਸ਼ਾਹ ਨੂੰ ਆਖ ਰਹੀਆਂ ਹਨ ਕਿ ਦੁਖੀਆਂ ਦਾ ਦਰਦ ਮਹਿਸੂਸ ਕਰਨ ਵਾਲ਼ਾ ਵਾਰਸ ਕਬਰਾਂ ਵਿੱਚੋਂ ਉੱਠ ਕੇ ਆਪਣੇ ਪੰਜਾਬ ਦੀ ਤਰਸਯੋਗ ਹਾਲਤ ਦੇਖੇ। ਜਿਨਾਂ ਬੇਲਿਆਂ ਵਿੱਚ ਹੀਰ ਅਤੇ ਰਾਂਝੇ ਵਰਗੀਆਂ ਦੇ ਪਿਆਰ ਪਲਦੇ ਸਨ, ਉੱਥੇ ਲਾਸ਼ਾਂ ਵਿਛੀਆਂ ਹੋਈਆਂ ਹਨ ਅਤੇ ਇਸ਼ਕ ਦਾ ਦਰਿਆ ਸਮਝਿਆ ਜਾਣ ਵਾਲ਼ਾ ਝਨਾਂ ਲਹੂ ਨਾਲ਼ ਭਰਿਆ ਪਿਆ ਹੈ। ਅੰਮ੍ਰਿਤਾ ਪ੍ਰੀਤਮ ਮਹਿਸੂਸ ਕਰਦੀ ਹੈ ਕਿ ਪੰਜਾਬ ਦੇ ਪੰਜਾਂ ਦਰਿਆਵਾਂ ਦੇ ਪਾਣੀਆਂ ਵਿੱਚੋਂ ਕਿਸੇ ਦੋਖੀ ਨੇ ਫਿਰਕੂਪੁਣੇ ਦਾ ਜ਼ਹਿਰ ਘੋਲ਼ ਦਿੱਤਾ ਹੈ ਭਾਵ ਪੰਜਾਬ ਦੇ ਲੋਕਾਂ ਨੂੰ ਫ਼ਿਰਕੂ ਲੀਹਾਂ ਉੱਤੇ ਵੰਡਣ ਦੀ ਕੋਸ਼ਿਸ਼ ਕੀਤੀ ਗਈ ਹੈ । ਇਹ ਜ਼ਹਿਰੀਲੇ ਪਾਣੀ ਪੰਜਾਬ ਦੀ ਧਰਤੀ ਨੂੰ ਲਗਾ ਦਿੱਤੇ ਗਏ ਹਨ।

**7. ਬਹੁ-ਵਿਕਲਪੀ** ਪ੍ਰਸ਼ਨਾਂ ਦੇ ਉੱਤਰ (4X1)=4

(i) (B) ਮਿੱਟੀ ਦੀ

(ii) (D) ਫੁੱਲਾਂ ਨਾਲ਼

(iii) (A) ਰਾਤ ਦਾ

(iv) (C) ਅਰਸ਼ਾਂ ਵਿੱਚ

## ਕਹਾਣੀਆਂ ਵਿੱਚੋਂ

6+5+8=**19**

8. ਪਹਿਲਾਂ ਤਾਂ ਪ੍ਰੋਫੈਸਰ ਮਲ੍ਹੋਤਰਾ ਨੇ ਸੋਚਿਆ ਕਿ ਸਾਈਕਲ ਨੂੰ ਹੋਰ ਤੇਜ਼ ਕਰਕੇ ਲਾਲ ਚੀਰੇ ਵਾਲੇ ਨੌਜਵਾਨ ਦੇ ਕੋਲੋਂ ਦੀ ਨਿਕਲ ਕੇ ਉਸਨੂੰ ਇਹ ਦੱਸ ਦੇ ਕਿ ਭਾਵੇਂ ਉਸਦੇ ਸਿਰ ਦੇ ਵਾਲ ਚਿੱਟੇ ਹੋ ਗਏ ਹਨ ਪਰ ਅਜੇ ਉਹ ਜਵਾਨਾਂ ਤੋਂ ਮਾਰ ਨਹੀਂ ਖਾਂਦਾ। ਪਰ ਛੇਤੀ ਹੀ ਉਸਦੇ ਦਿਲ ਵਿੱਚ 'ਚਲੋ ਜਾਣ ਦਿਓ' ਦਾ ਭਾਵ ਤੀਬਰ ਹੋ ਗਿਆ।

ਪ੍ਰੋਫੈਸਰ ਲਾਲ ਚੀਰੇ ਵਾਲੇ ਵਿਅਕਤੀ ਨੂੰ ਪੱਥਰ ਦਿਲ ਸਮਝਦਾ ਹੈ ਪਰ ਅੰਤ ਵਿੱਚ ਉਸਦੀ ਇਹ ਗਲਤ-ਫਹਿਮੀ ਦੂਰ ਹੋ ਜਾਂਦੀ ਹੈ। ਲਾਲ ਚੀਰੇ ਵਾਲਾ ਵਿਅਕਤੀ ਆਪਣੀ ਜਿੰਮੇਵਾਰੀਆਂ ਵਿੱਚ ਘਿਰਿਆ ਹੋਇਆ ਇਨਸਾਨ ਹੈ। ਉਹ ਮਾਈ ਦੁਆਰਾ ਸਹਾਇਤਾ ਮੰਗਣ ਉੱਤੇ ਤੇਜ਼ ਰਫਤਾਰ ਨਾਲ ਕੋਲੋਂ ਨਿਕਲ ਜਾਂਦਾ ਹੈ ਅਤੇ ਸਾਈਕਲ ਉੱਤੇ ਨਹੀਂ ਬਿਠਾਉਂਦਾ ਕਿਉਂਕਿ ਉਸਨੂੰ ਸ਼ਹਿਰ ਵਿੱਚ ਬਹੁਤ ਜਰੂਰੀ ਕੰਮ ਸੀ ਜਿਸਨੂੰ ਖਤਮ ਕਰਨ ਤੋਂ ਬਾਅਦ ਉਹ ਵਾਪਸ ਆ ਕੇ ਮਾਈ ਨੂੰ ਆਪਣੇ ਸਾਈਕਲ ਉੱਤੇ ਬਿਠਾ ਕੇ ਉਸਦੇ ਪਿੰਡ ਸਹੇੜੇ ਤੱਕ ਛੱਡ ਕੇ ਆਉਂਦਾ ਹੈ। ਇਸ ਤਰ੍ਹਾਂ ਉਹ ਹਮਦਰਦੀ ਦੀ ਭਾਵਨਾ ਰੱਖਣ ਵਾਲ਼ਾ ਨੌਜਵਾਨ ਹੈ । ਨਾਲ਼ ਹੀ ਉਹ ਇੱਕ ਸੰਵੇਦਨਸ਼ੀਲ ਤੇ ਮਨੁੱਖੀ ਦਰਦ ਨਾਲ਼ ਭਰਪੂਰ ਮਨੁੱਖ ਪ੍ਰਤੀਤ ਹੁੰਦਾ ਹੈ।

**ਜਾਂ**

'ਮਾੜਾ ਬੰਦਾ' ਕਹਾਣੀ ਵਿੱਚ ਕਹਾਣੀਕਾਰ ਨੇ ਮੱਧ ਵਰਗ ਅਤੇ ਰਿਕਸ਼ੇ ਵਾਲ਼ੇ ਰਾਹੀਂ ਨਿਮਨ ਵਰਗ ਦੀ ਮਾਨਸਿਕਤਾ ਨੂੰ ਉਘਾੜ ਕੇ ਪੇਸ਼ ਕੀਤਾ ਹੈ। ਸਬਜ਼ੀ ਮੰਡੀ ਤੋਂ ਘਰ ਆਉਣ ਲਈ ਲੇਖਕ ਦੀ ਪਤਨੀ ਨੇ ਰਿਕਸ਼ੇ ਵਾਲੇ ਨੂੰ ਦੋ ਰੁਪਏ ਕਿਰਾਇਆ ਦੇਣਾ ਮਿਥ ਲਿਆ ਪਰ ਘਰ ਆ ਕੇ ਰਿਕਸ਼ੇ ਵਾਲ਼ੇ ਨੇ ਦੋ ਰੁਪਏ ਲੈਣ ਤੋਂ ਮਨ੍ਹਾ ਕਰ ਦਿੱਤਾ।

ਉਸਦਾ ਤਰਕ ਇਹ ਸੀ ਕਿ ਉਸਦਾ ਘਰ ਉਸਦੀ ਸੋਚ ਤੋਂ ਜਿਆਦਾ ਦੂਰ ਸੀ ਇਸ ਲਈ ਉਹ ਦੋ ਦੀ ਥਾਂ ਤਿੰਨ ਰੁਪਏ ਮੰਗ ਰਿਹਾ ਸੀ। ਲੇਖਕ ਨੂੰ ਇਸ ਗੱਲ ਉੱਤੇ ਗੁੱਸਾ ਆ ਜਾਂਦਾ ਹੈ ਅਤੇ ਉਹ ਰਿਕਸ਼ੇ ਵਾਲ਼ੇ ਨੂੰ ਮਾਰਨ ਲੱਗਦਾ ਹੈ ਤਾਂ ਉਹ ਰਿਕਸ਼ਾ ਲੈ ਕੇ ਤੁਰ ਪੈਂਦਾ ਹੈ। ਲੇਖਕ ਅਨੁਸਾਰ ਵੱਧ ਪੈਸੇ ਮੰਗਣਾ ਦਾ ਤਰੀਕਾ ਗਲਤ ਸੀ। ਉਸਨੂੰ ਨਿਮਰਤਾ ਤੇ ਮਿਨਤ ਨਾਲ਼ ਪੈਸੇ ਮੰਗਣੇ ਚਾਹੀਦੇ ਸਨ । ਰਿਕਸ਼ੇ ਵਾਲਾ ਆਪਣੇ ਰਿਕਸ਼ੇ ਦਾ ਰੁੱਖ ਪਾਰਕ ਵੱਲ ਕਰਕੇ ਖੜਾ ਰਹਿੰਦਾ ਹੈ। ਲੇਖਕ ਚਿੱਠੀ ਲਿਖਣ ਦੀ ਕੋਸ਼ਿਸ਼ ਕਰਦਾ ਹੈ ਜਿਸ ਵਿੱਚ ਉਹ ਅਸਫ਼ਲ ਹੁੰਦਾ ਹੈ ਕਿਉਂਕਿ ਉਸਦਾ ਧਿਆਨ ਰਿਕਸ਼ੇ ਵਾਲ਼ੇ ਵੱਲ ਹੈ। ਲੇਖਕ ਦੀ ਪਤਨੀ ਵੀ ਰਿਕਸ਼ੇ ਵਾਲ਼ੇ ਦੀ ਵਕਾਲਤ ਕਰਦੀ ਹੈ ਅਤੇ ਲੇਖਕ ਨੂੰ ਦਲੀਲਾਂ ਦਿੰਦੀ ਹੈ ਕਿ ਉਹਨਾਂ ਨੂੰ ਰਿਕਸ਼ੇ ਵਾਲ਼ੇ ਨੂੰ ਤਿੰਨ ਰੁਪਏ ਦੇ ਦੇਣੇ ਚਾਹੀਦੇ ਹਨ। ਗਾਹਕ ਆਉਣ ’ਤੇ ਵੀ ਰਿਕਸ਼ੇ ਵਾਲ਼ਾ ਜਾਣ ਤੋਂ ਮਨਾਂ ਕਰ ਦਿੰਦਾ ਹੈ ਜਿਸ ਉੱਤੇ ਲੇਖਕ ਉਸਨੂੰ ਜਾਹਿਲ ਕਹਿੰਦਾ ਹੈ। ਰਿਕਸ਼ੇ ਵਾਲ਼ੇ ਦੀ ਪਿੱਠ ਝੁਕੀ ਹੋਈ ਤੇ ਬੁਸ਼ਰਟ ਨੂੰ ਕਿਸੇ ਹੋਰ ਰੰਗ ਦੀ ਟਾਕੀ ਲੱਗੀ ਹੋਈ ਸੀ। ਲੱਤਾਂ ਪਤਲੀਆਂ, ਕਾਲੀਆਂ ਤੇ ਉਸਨੇ ਕੱਛਾ ਪਾਇਆ ਹੋਇਆ ਸੀ। ਗੁੱਸੇ ਵਿੱਚ ਆ ਕੇ ਲੇਖਕ ਰਿਕਸ਼ੇ ਵਾਲੇ ਦੀ ਸ਼ਿਕਾਇਤ ਪੁਲਿਸ ਕੋਲ ਕਰਨ ਦਾ ਮਨ ਬਣਾ ਲੈਂਦਾ ਹੈ ਪਰ ਇਸ ਤੋਂ ਪਹਿਲਾਂ ਰਿਕਸ਼ੇ ਵਾਲ਼ਾ ਚਲਾ ਜਾਂਦਾ ਹੈ ।ਫਿਰ ਲੇਖਕ ਤੇ ਉਸਦੀ ਪਤਨੀ ਦੋਵੇਂ ਜਣੇ ਸੁਰਖਰੂ ਹੋ ਕੇ ਲਾਅਨ ਵਿੱਚ ਬੈਠ ਕੇ ਰਿਕਸ਼ੇ ਵਾਲ਼ੇ ਦੇ ਹਿੱਸੇ ਦੇ ਪੈਸੇ ਪਿੰਗਲਵਾੜੇ ਅਤੇ ਮੰਗਤੇ ਨੂੰ ਦੇਣ ਦੀਆਂ ਗੱਲਾਂ ਕਰਦੇ ਹਨ ਤਾਂ ਕਿ ਉਹਨਾਂ ਨੂੰ ਮਾੜਾ ਬੰਦਾ ਨਾ ਸਮਝਿਆ ਜਾਵੇ ।

**ਜਾਂ**

**(ਵਿਦਿਆਰਥੀ ਆਪਣੀ ਸਮਝ-ਸੂਝ ਮੁਤਾਬਿਕ ਵਿਭਿੰਨ ਪ੍ਰਕਾਰ ਦੇ ਉੱਤਰ ਦੇਣਗੇ। ਤੱਥਾਂ ਦੀ ਪ੍ਰਮਾਣਿਕਤਾ ਨੂੰ ਸਮਝਦੇ ਹੋਏ ਬਣਦੇ ਅੰਕ ਦਿੱਤੇ ਜਾਣ।)**

**9. ਬਹੁ-ਵਿਕਲਪੀ—** (5X1)=5

(i) (A) ਗਿਆਰਾਂ ਰੁਪਏ

(ii) (B) ਸਲਾਮਾਂ

(iii) (C) ਲੇਖਕ ਦੀ ਪਤਨੀ

(iv) (D) ਜੰਗਲਾਤ

(v) (A) ਤਿੰਨ ਵਜੇ

(vi) (B) ਤਿੰਨ ਵਜੇ

10. ਪ੍ਰਸ਼ਨਾਂ ਦੇ **ਉੱਤਰ 25 ਤੋਂ 30 ਸ਼ਬਦਾਂ** ਵਿੱਚ— (4X2)=8

(i) ਪ੍ਰੋਫੈਸਰ ਬੁੱਢੀ ਮਾਈ ਨੂੰ ਉਸਦੀ ਮੰਜ਼ਿਲ ਉੱਤੇ ਪਹੁੰਚਾਉਣ ਵਿੱਚ ਮਦਦ ਕਰਨੀ ਚਾਹੁੰਦਾ ਸੀ। ਉਸਨੇ ਸੋਚਿਆ ਕਿ ਮਾਈ ਨੂੰ ਬਸ ਉੱਤੇ ਬਿਠਾ ਦੇਵੇ। ਪਰ ਮਹੀਨੇ ਦਾ ਅਖੀਰਲਾ ਹਫਤਾ ਸੀ ਅਤੇ ਉਸਦੀ ਜੇਬ ਵਿੱਚ ਕੁਲ 30 ਨਵੇਂ ਪੈਸੇ ਸਨ। ਇਹ ਪੈਸੇ ਤਾਂ ਮਾਈ ਨੂੰ ਉਹਦੀ ਮੰਜ਼ਿਲ ਦੇ ਅੱਧ ਵਿੱਚ ਵੀ ਨਹੀਂ ਪਹੁੰਚਾ ਸਕਦੇ ਸਨ। ਫਿਰ ਪ੍ਰੋਫੈਸਰ ਨੂੰ ਆਪਣੇ ਬੱਚੇ ਦਿਨੇਸ਼ ਦਾ ਖਿਆਲ ਆਇਆ ਜਿਹੜਾ ਦਿਨ ਚੜ੍ਹਦਿਆਂ ਹੀ ਰਸ ਖਾਣ ਦੀ ਰੱਟ ਲਾ ਦਿੰਦਾ ਸੀ। ਉਹ ਕੁਝ ਪੈਸੇ ਲੋਕਾਂ ਤੋਂ ਮੰਗ ਕੇ ਅਤੇ ਕੁਝ ਆਪਣੇ ਕੋਲੋਂ ਪਾ ਕੇ ਮਾਈ ਨੂੰ ਟਿਕਟ ਲੈ ਦੇਣ ਬਾਰੇ ਵੀ ਸੋਚਦਾ ਹੈ । ਉਸ ਨੂੰ ਧੋਬੀ ਦੀ ਧੁਆਈ ਦੇ ਪੈਸੇ ਵੀ ਦੇਣੇ ਹਨ । ਇਸ ਤਰ੍ਹਾਂ ਪ੍ਰੋਫੈਸਰ ਬੁੱਢੀ ਮਾਈ ਨੂੰ ਪੈਸੇ ਨਾ ਦੇ ਸਕਣ ਦੇ ਕਈ ਕਾਰਨ ਸੋਚਦਾ ਹੈ।

(**ii**) ਨੀਲੀ ਚੁੱਪ ਚਾਪ ਆ ਕੇ ਗੇਟ ਦੇ ਬਾਹਰ ਖੜ੍ਹੀ ਹੋ ਗਈ। ਗਵਾਲੇ ਦੇ ਗੇਟ ਖੋਲਣ ਉੱਤੇ ਉਹਦੇ ਪਿੱਛੇ ਨੀਲੀ ਗਿਣ-ਗਿਣ ਕੇ ਕਦਮ ਰੱਖਦੀ ਆਈ। ਫਿਕਰਾਂ ਵਿੱਚ ਗੁੰਮ ਹੋਈ ਨੀਲੀ ਉਖੜੇ-ਉਖੜੇ ਕਦਮਾਂ ਨਾਲ਼ ਮਹਿੰਦੀ ਦੇ ਬੂਟੇ ਹੇਠ ਆ ਖੜ੍ਹੀ ਹੋਈ। ਕੁਝ ਦੇਰ ਬਾਅਦ ਉਸਨੇ ਆਪਣਾ ਮੂੰਹ ਮਸਾਲੇ ਵਾਲ਼ੀ ਟੋਕਰੀ ਵਿੱਚ ਪਾਇਆ ਪਰ ਉਸ ਤੋਂ ਕੁਝ ਖਾਧਾ ਨਹੀਂ ਗਿਆ । ਪਰੇਸ਼ਾਨ ਹੋਇਆ ਗਵਾਲਾ ਟੋਕਰੀ ਸਿਰ ਉੱਤੇ ਚੁੱਕ ਕੇ ਮੁੜ ਗਿਆ। ਉਹਦੇ ਪਿੱਛੇ-ਪਿੱਛੇ ਨੀਲੀ ਵੀ ਤੁਰ ਪਈ।

(**iii**) ਬਿਨਾਂ ਪੈਸੇ ਲਏ ਚੌਂਕ ਵਿੱਚ ਜਾ ਖੜੇ ਹੋਏ ਰਿਕਸ਼ੇ ਵਾਲੇ ਤੋਂ ਲੇਖਕ ਨੂੰ ਜਿਹੜੀ ਚਿੰਤਾ ਹੋ ਰਹੀ ਸੀ, ਉਹ ਇਸ ਨੂੰ ਆਪਣੇ ਮੁੰਡੇ ਤੋਂ ਲੁਕਾਉਣਾ ਚਾਹੁੰਦਾ ਸੀ। ਉਹ ਆਪਣੀ ਪਤਨੀ ਨੂੰ ਵੀ ਇਸੇ ਤਰ੍ਹਾਂ ਜ਼ਾਹਰ ਕਰ ਰਿਹਾ ਸੀ ਤੇ ਉਸਨੂੰ ਸਮਝਾ ਰਿਹਾ ਸੀ ਕਿ ਉਹ ਰਿਕਸ਼ੇ ਵਾਲ਼ੇ ਵੱਲ ਧਿਆਨ ਹੀ ਨਾ ਦੇਵੇ।

(**iv**) ਜੀਤੋ ਦੇ ਵਿਦਾ ਹੋਣ ਸਮੇਂ ਉਸਦੇ ਵੀਰ ਨੂੰ ਆਪਣੇ ਬਾਰੇ ਇਹ ਯਾਦ ਆਇਆ ਕਿ ਕਿਵੇਂ ਉਹ ਵਿਆਹ ਲਈ ਤਿਆਰ ਹੁੰਦਾ-ਹੁੰਦਾ ਇਸ ਤੋਂ ਡਰ ਜਾਂਦਾ ਸੀ। ਉਸ ਦਾ ਵਿਚਾਰ ਸੀ ਕਿ ਉਹ ਉਸ ਕੁੜੀ ਨੂੰ ਨਹੀਂ ਸੀ ਆਪਣਾ ਸਕਦਾ ਜਿਸਨੂੰ ਉਹ ਨੇੜਿਓਂ ਜਾਣਦਾ ਨਹੀਂ ਸੀ। ਕਿਸੇ ਅਣਜਾਣ ਵਿਅਕਤੀ ਨੂੰ ਆਪਣਾ ਸਕਣਾ ਬਹੁਤ ਔਖਾ ਸੀ ਭਾਵੇਂ ਕਿ ਉਸਦੀ ਵਹੁਟੀ ਨੇ ਤਾਂ ਉਸਦੇ ਘਰ ਦੀ ਹੀ ਦਾਸੀ ਬਣ ਕੇ ਰਹਿਣਾ ਸੀ।

(**v**) ਹਾਰਮੋਨੀਅਮ ਵਾਲੇ ਗਵੱਈਏ ਨੇ ਹਾਰਮੋਨੀਅਮ ਦੀ ਉਦਾਸ ਅਤੇ ਵੈਰਾਗੀ ਸੁਰ ਨਾਲ਼ ਵੈਣ ਜਿਹੇ ਪਾ ਕੇ ਗਾਇਆ ਕਿ ਕਿਵੇਂ ਨਵੀਂ ਜਗ੍ਹਾ ਜਾ ਕੇ ਵਿਆਹੁਲੀ ਜੀਤੋ ਨੇ ਆਪਣੇ ਮਾਪਿਆਂ ਤੇ ਮਾਂ-ਪਿਓ ਜਾਇਆਂ ਨੂੰ ਤਾਂਘਣਾ ਸੀ ਤੇ ਜਦ ਉਹਨਾਂ ਨਹੀਂ ਬਹੁੜਨਾ ਸੀ ਤਾਂ ਉਸ ਵਿਚਾਰੀ ਨੇ ਵਿਅਰਥ ਹੀ ਬਨੇਰੇ ਤੋਂ ਕਾਂ ਉਡਾਉਂਦੀ ਰਹਿਣਾ ਸੀ।

**ਜਾਂ**

**(ਵਿਦਿਆਰਥੀ ਆਪਣੀ ਸਮਝ-ਸੂਝ ਮੁਤਾਬਿਕ ਵਿਭਿੰਨ ਪ੍ਰਕਾਰ ਦੇ ਉੱਤਰ ਦੇਣਗੇ। ਤੱਥਾਂ ਦੀ ਪ੍ਰਮਾਣਿਕਤਾ ਨੂੰ ਸਮਝਦੇ ਹੋਏ ਬਣਦੇ ਅੰਕ ਦਿੱਤੇ ਜਾਣ।)**

## ਪੰਜਾਬੀ ਸੱਭਿਆਚਾਰ ਦੀ ਜਾਣ-ਪਛਾਣ **13**

**11.** **ਬਹੁ-ਵਿਕਲਪੀ** ਪ੍ਰਸ਼ਨਾਂ ਦੇ ਉੱਤਰ— (5X1)=5

(**i**) (**C**) ਲੋਹੜੀ

(**ii**) (**D**) ਸਾਹਾ

(**iii**) (**C**) ਅਨਿੱਖੜਵਾਂ

(**iv**) (**B**) ਲੁੱਡੀ

(**v**) (**A**) ਬਾਂਦਰ ਕਿੱਲੇ ਵਿੱਚ

**12.** ਪ੍ਰਸ਼ਨਾਂ ਦੇ **ਉੱਤਰ 70 ਤੋਂ 80 ਸ਼ਬਦਾਂ** ਵਿੱਚ— (4X2)=8

ਲੋਕ-ਖੇਡਾਂ ਦੇ ਸਾਡੇ ਜੀਵਨ ਵਿੱਚੋਂ ਅਲੋਪ ਹੋਣ ਦੇ ਕਈ ਕਾਰਨ ਹਨ। ਹੁਣ ਪਿੰਡਾਂ ਵਿੱਚ ਉਹ ਜੂਹਾਂ ਨਹੀਂ ਰਹੀਆਂ ਜਿੱਥੇ ਖੇਡਾਂ ਦੇ ਪਿੜ ਜੁੜਦੇ ਸਨ। ਹੁਣ ਲੋਕ-ਖੇਡਾਂ ਖੇਡਣ ਲਈ ਕਿਸੇ ਕੋਲ ਵਿਹਲ ਵੀ ਨਹੀਂ ਹੈ । ਇਸਦਾ ਇੱਕ ਹੋਰ ਕਾਰਨ ਵੀ ਹੈ ਕਿ ਮਨੋਰੰਜਨ ਦੇ ਹੋਰ ਵੱਖ-ਵੱਖ ਸਾਧਨ ਪੈਦਾ ਹੋ ਗਏ ਹਨ। ਹੁਣ ਸਾਨੂੰ ਸਿਰਫ਼ ਇਨ੍ਹਾਂ ਲੋਕ-ਖੇਡਾਂ ਦੇ ਨਾਂ ਹੀ ਯਾਦ ਰਹਿ ਗਏ ਹਨ । ਪਰ ਇਹ ਲੋਕ ਖੇਡਾਂ ਸਾਡਾ ਗੌਰਵਮਈ ਵਿਰਸਾ ਹਨ। ਪੰਜਾਬੀ ਦਾ ਅਖਾਣ ਹੈ, 'ਖੇਡਾਂ ਅਤੇ ਮਾਵਾਂ ਮੁੱਕਣ ਉੱਤੇ ਹੀ ਚੇਤੇ ਆਉਂਦੀਆਂ ਹਨ।' ਇਸ ਲਈ ਇਹਨਾਂ ਖੇਡਾਂ ਦੀ ਸੰਭਾਲ ਅਤੇ ਇਹਨਾਂ ਨੂੰ ਮੁੜ ਸੁਰਜੀਤ ਕਰਨਾ ਅਤਿਅੰਤ ਜ਼ਰੂਰੀ ਹੈ।

(**ii**) ਪੰਜਾਬ ਦੇ ਲੋਕ -ਨਾਚਾਂ ਦਾ ਵਰਗੀਕਰਨ ਦੋ ਪੱਧਰਾਂ ਉੱਤੇ ਕੀਤਾ ਜਾ ਸਕਦਾ ਹੈ ਇਸਤਰੀਆਂ ਦੇ ਲੋਕ ਨਾਚ ਅਤੇ ਮਰਦਾਵੇਂ ਲੋਕ -ਨਾਚ ਪੰਜਾਬ ਵਿੱਚ ਪ੍ਰਾਚੀਨ ਕਾਲ ਵਿੱਚ ਇਸਤਰੀਆਂ ਤੇ ਮਰਦਾਂ ਦੁਆਰਾ ਸਾਂਝੇ ਰੂਪ ਵਿੱਚ ਲੋਕ-ਨਾਚ ਨੱਚਣ ਦੀ ਪਰੰਪਰਾ ਪ੍ਰਚਲਿਤ ਨਹੀਂ ਸੀ। ਭਾਵੇਂ ਕਿ ਅਜੋਕੇ ਸਮੇਂ ਵਿੱਚ ਅਜਿਹੀ ਹੋਈ ਪਾਬੰਦੀ ਨਹੀਂ ਹੈ। ਇਸਤਰੀਆਂ ਦੇ ਪ੍ਰਮੁੱਖ ਲੋਕ- ਨਾਚਾਂ ਵਿੱਚ ਗਿੱਧਾ ਸੰਮੀ, ਕਿੱਕਲੀ ਸ਼ਾਮਲ ਹਨ। ਮਰਦਾਵੇ ਲੋਕ-ਨਾਚਾਂ ਵਿੱਚ ਭੰਗੜਾ, ਝੂੰਮਰ, ਲੁੱਡੀ ਆਉਂਦੇ ਹਨ।

(**iii**) ਅੱਡੀ-ਛੜੱਪਾ ਜਾਂ ਅੱਡੀ-ਟੱਪਾ ਪੰਜਾਬ ਦੀਆਂ ਕੁੜੀਆਂ ਦੀ ਬਹੁਤ ਹਰਮਨ ਪਿਆਰੀ ਖੇਡ ਹੈ। ਇਹ ਖੇਡ ਖੇਡਣ ਵਾਲੀਆਂ ਕੁੜੀਆਂ ਨੂੰ ਦੋ ਟੋਲੀਆਂ ਵਿਚ ਵੰਡਿਆ ਜਾਂਦਾ ਹੈ। ਹਰ ਟੋਲੀ ਵਿੱਚ ਚਾਰ-ਪੰਜ ਕੁੜੀਆਂ ਹੁੰਦੀਆਂ ਹਨ। ਇਸ ਖੇਡ ਰਾਹੀਂ ਕੁੜੀਆਂ ਦੌੜਨ, ਉੱਚੀਆਂ ਛਾਲਾਂ ਮਾਰਨ ਅਤੇ ਆਪਣੇ ਸਰੀਰ ਨੂੰ ਆਪਣੇ ਕਾਬੂ ਵਿੱਚ ਰੱਖਣ ਦਾ ਅਭਿਆਸ ਕਰਦੀਆਂ ਹਨ। ਜੇ ਕਿਸੇ ਕੁੜੀ ਦਾ ਸਰੀਰ ਕਾਬੂ ਵਿੱਚ ਨਾ ਰਹੇ ਅਤੇ ਪੈਰ ਹੇਠਾਂ ਲੱਗ ਜਾਵੇ ਤਦ ਉਸ ਨੂੰ ਟੋਲੀ 'ਚੋਂ ਬਾਹਰ ਕੱਢ ਦਿੱਤਾ ਜਾਂਦਾ ਹੈ। ਪੰਜਾਬੀ ਚਰਿੱਤਰ ਵਿੱਚ ਮੇਲਾ ਬੀਜ ਰੂਪ ਵਿੱਚ ਸਮਾਇਆ ਹੋਇਆ ਹੈ। ਪੰਜਾਬੀਆਂ ਲਈ ਹਰ ਪਲ, ਹਰ ਦਿਨ ਅਤੇ ਹਰ ਪੁਰਬ ਮੇਲੇ ਸਮਾਨ ਹੈ। ਦੂਸਰੇ ਪ੍ਰਾਂਤਾਂ ਦੇ ਲੋਕ ਕਹਿੰਦੇ ਹਨ ਕਿ ਪੰਜਾਬੀ ਦੁਨੀਆ ਵਿੱਚ ਆਏ ਹੀ ਮੇਲਾ ਮਨਾਉਣ ਲਈ ਹਨ। ਜਿੱਥੇ ਚਾਰ-ਛੇ ਪੰਜਾਬੀ ਜੁੜ ਜਾਣ ਉਥੇ ਤੁਰਦਾ-ਫਿਰਦਾ ਮੇਲਾ ਹੀ ਬਣ ਜਾਂਦਾ ਹੈ । ਪਰ ਜਦ ਸੱਚਮੁੱਚ ਹੀ ਕੋਈ ਮੇਲਾ ਜਾਂ ਤਿਉਹਾਰ ਹੋਵੇ ਫਿਰ ਤਾਂ ਪੰਜਾਬੀਆਂ ਦਾ ਨੂਰ ਅਤੇ ਭੱਖਦਾ ਉਤਸ਼ਾਹ ਦੇਖਣ ਵਾਲਾ ਹੁੰਦਾ ਹੈ । ਹਰ ਪੰਜਾਬੀ ਮੇਲੇ ਵਿੱਚ ਲਾੜਾ ਬਣਿਆ ਹੁੰਦਾ ਹੈ। ਮੇਲਿਆਂ ਵਿੱਚ ਕਿਸੇ ਵੀ ਜਾਤੀ ਦੀ ਸੰਸਕ੍ਰਿਤਿਕ ਨੁਹਾਰ ਦੇਖਣ ਨੂੰ ਮਿਲਦੀ ਹੈ, ਲੋਕ-ਪ੍ਰਤਿਭਾ ਨਿਖਰ ਕੇ ਆਉਂਦੀ ਹੈ ਅਤੇ ਚਰਿੱਤਰ ਦਾ ਨਿਰਮਾਣ ਹੁੰਦਾ ਹੈ। ਮੇਲੇ ਮਨ ਪਰਚਾਵੇ ਅਤੇ ਮੇਲਜੋਲ ਦੇ ਸਮੂਹਿਕ ਵਸੀਲੇ ਵੀ ਹਨ। ਮੇਲੇ ਸਾਡੇ ਧਾਰਮਿਕ ਅਤੇ ਕਲਾਤਮਿਕ ਭਾਵਨਾ ਦੀ ਵੀ ਤ੍ਰਿਪਤੀ ਕਰਦੇ ਹਨ।

**ਜਾਂ**

**(ਵਿਦਿਆਰਥੀ ਆਪਣੀ ਸਮਝ-ਸੂਝ ਮੁਤਾਬਿਕ ਵਿਭਿੰਨ ਪ੍ਰਕਾਰ ਦੇ ਉੱਤਰ ਦੇਣਗੇ। ਤੱਥਾਂ ਦੀ ਪ੍ਰਮਾਣਿਕਤਾ ਨੂੰ ਸਮਝਦੇ ਹੋਏ ਬਣਦੇ ਅੰਕ ਦਿੱਤੇ ਜਾਣ।)**